# तेरे दर दरवाजे मल्ले नी मां शेरावाली

ਤੇਰੇ ਦਰ ਦਰਵਾਜ਼ੇ ਮੱਲੇ, ਨੀ ਮਾਂ ਸ਼ੇਰਾਂਵਾਲੀ ॥
*ਤੂੰ ਆਪ ਸੁਨੇਹੜ੍ਹੇ ਘੱਲੇ, ਨੀ ਮਾਂ ਮੇਹਰਾਂਵਾਲੀ,,,
ਤੇਰੇ ਦਰ ਦਰਵਾਜ਼ੇ ਮੱਲੇ, ਨੀ ਮਾਂ,,,,,,,,,,,,,,

ਸੱਧਰਾਂ ਅਧੂਰੀਆਂ, ਪਿਆਸੇ ਅਰਮਾਨ ਏ* ।
ਯਾਦਾਂ ਵਾਲੇ ਦਿਲ ਵਿੱਚ, ਉੱਠਦੇ ਤੂਫ਼ਾਨ ਏ ॥
ਹੁਣ ਜਾਂਦੇ ਨਹੀਂਓਂ ਝੱਲੇ, ਨੀ ਮਾਂ ਸ਼ੇਰਾਂਵਾਲੀ,,,
ਤੇਰੇ ਦਰ ਦਰਵਾਜ਼ੇ ਮੱਲੇ, ਨੀ ਮਾਂ,,,,,,,,,,,,,,

ਮਿੱਠੀ ਮਿੱਠੀ ਰੁੱਤ ਦੇਖ, ਦਿਲ ਲਲਚਾ ਗਿਆ* ।
ਦਰਸ਼ਨਾਂ ਦੀ ਆਸ ਲੈ ਕੇ, ਦਰ ਤੇਰੇ ਆ ਗਿਆ ॥
ਜੈ ਬੋਲਾਂ ਗੱਲੇ ਗੱਲੇ, ਨੀ ਮਾਂ ਸ਼ੇਰਾਂਵਾਲੀ,,,
ਤੇਰੇ ਦਰ ਦਰਵਾਜ਼ੇ ਮੱਲੇ, ਨੀ ਮਾਂ,,,,,,,,,,,,,,

ਹੋਰ ਕਿਤੇ ਐਸਾ ਮੈਂ, ਨਜ਼ਾਰਾ ਨਹੀਂਓਂ ਦੇਖਿਆ* ।
ਤੇਰੇ ਜੇਹਾ ਕੋਈ ਵੀ, ਦਵਾਰਾ ਨਹੀਂਓਂ ਦੇਖਿਆ ॥
ਗੰਗਾ ਹੈ ਚਰਨਾਂ ਥੱਲੇ, ਨੀ ਮਾਂ ਸ਼ੇਰਾਂਵਾਲੀ,,,
ਤੇਰੇ ਦਰ ਦਰਵਾਜ਼ੇ ਮੱਲੇ, ਨੀ ਮਾਂ,,,,,,,,,,,,,,

ਨੈਣਾਂ ਵਿੱਚ ਨੂਰ ਤੇਰਾ, ਦਿਲ 'ਚ ਵਾਸ ਮਾਂ* ।
ਚਰਨਾਂ ਦੇ ਵਿੱਚ ਮੇਰੀ, ਐਹੋ ਅਰਦਾਸ ਮਾਂ ॥
ਭਰ ਆਸਾਂ ਵਾਲੇ ਪੱਲੇ, ਨੀ ਮਾਂ ਸ਼ੇਰਾਂਵਾਲੀ,,,
ਤੇਰੇ ਦਰ ਦਰਵਾਜ਼ੇ ਮੱਲੇ, ਨੀ ਮਾਂ,,,,,,,,,,,,,,

ਕਰਮਾਂ ਦੀ ਲੇਖ਼ ਵਿੱਚ, ਮੇਖ਼ ਤੂੰਹੀਓਂ ਮਾਰਦੀ* ।
ਦਰਸ਼ੀ ਭਿਖਾਰੀ ਤੂੰ ਹੈ, ਦਾਤੀ ਸੰਸਾਰ ਦੀ ॥
ਤੇਰਾ ਹੁਕਮ ਹਰ ਇੱਕ ਤੇ ਚੱਲੇ, ਨੀ ਮਾਂ ਸ਼ੇਰਾਂਵਾਲੀ,,,
ਤੇਰੇ ਦਰ ਦਰਵਾਜ਼ੇ ਮੱਲੇ, ਨੀ ਮਾਂ,,,,,,,,,,,,,,

ਅਪਲੋਡਰ - ਅਨਿਲਰਾਮੂਰਤੀਭੋਪਾਲ

स्वर : नरेन्द्र चंचल

https://bhajanganga.com/bhajan/lyrics/id/27538/title/tere-dar-darwaje-malle-ni-maa-sheranwali

अपने Android मोबाइल पर BhajanGanga App डाउनलोड करें और भजनों का आनंद ले |